EK PRAYAAS

तमसो मा ज्योतिर्गमय

LEAD ME FROM DARKNESS TO LIGHT

# 'ਏਕ ਪਰਿਆਸ' ਵਿੱਚ ਤੁਹਾਡਾ ਸੁਆਗਤ ਹੈ।

ਸਾਡੀ ਸੋਚ ਦਿੱਵਯਾਂਗਾਂ ਨੂੰ ਸਿੱਖਿਅਤ, ਖੁਸ਼ਹਾਲ ਅਤੇ ਸਸ਼ਕਤ ਬਣਾਉਣਾ ਹੈ। ਸਾਡਾ ਮਿਸ਼ਨ ਹਰ ਬੱਚੇ ਨੂੰ ਅਕਾਦਮਿਕ, ਸਮਾਜਕ ਅਤੇ ਭਾਵਾਤਮਕ ਤੌਰ ਤੇ ਮਜ਼ਬੂਤ ਕਰਨਾ ਹੈ। ਅਸੀਂ ਅਜਿਹਾ ਸੁਖਾਵਾਂ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿੱਥੇ ਹਰੇਕ ਬੱਚਾ ਸੁਰੱਖਿਅਤ ਮਹਿਸੂਸ ਕਰਦਾ ਹੋਵੇ, ਉਸ ਦਾ ਆਦਰ ਕੀਤਾ ਜਾਂਦਾ ਹੋਵੇ ਅਤੇ ਉਸ ਦੀ ਸਮਰਥਾ ਨੂੰ ਸਮਝਿਆ ਜਾਂਦਾ ਹੋਵੇ।

## ਵਿਸ਼ੇਸ਼ ਬੱਚਿਆਂ ਲਈ ਸੰਸਥਾ

'ਏਕ ਪਰਿਆਸ ਸਕੂਲ' ਸੋਸ਼ਲ ਐਕਸ਼ਨ ਗਰੁੱਪ, (ਇੱਕ ਰਜਿਸਟਰਡ ਐੱਨਜੀਓ) ਦੁਆਰਾ ਚਲਾਇਆ ਜਾਂਦਾ ਹੈ, ਜੋ ਲੁਧਿਆਣਾ ਦੇ ਚੇਤੰਨ ਨਾਗਰਿਕਾਂ ਦੇ ਇੱਕ ਸਮੂੰਹ ਵਲੋਂ ਬਣਾਇਆ ਗਿਆ ਹੈ, ਜਿਹੜੇ ਆਪਣੇ ਅਨੁਭਵਾਂ ਰਾਹੀਂ ਸਮਾਜ ਦੀ ਬਿਹਤਰੀ ਲਈ ਕੰਮ ਕਰਨਾ ਚਾਹੁੰਦੇ ਹਨ। ਸੋਸ਼ਲ ਐਕਸ਼ਨ ਗਰੁੱਪ ਆਪਣੇ ਮੂਲ-ਸਿਧਾਂਤ ਅਨੁਸਾਰ ਹਮੇਸ਼ਾ ਤੋਂ ਹੀ ਉਹਨਾਂ ਪ੍ਰੋਜੈਕਟਾਂ ਨੂੰ ਵਿਕਸਿਤ ਕਰਨ ਲਈ ਤਤਪਰ ਹੈ, ਜਿਨ੍ਹਾਂ ਦੇ ਨਾਲ ਸਮਾਜ ਦੀ ਮਾਨਸਿਕਤਾ ਵਿੱਚ ਪਰਿਵਰਤਨ ਆ ਸਕੇ।

'ਏਕ ਪਰਿਆਸ' ਵਿੱਚ ਅਸੀਂ ਹਰ ਬੱਚੇ ਦੀ ਸਮਰੱਥਾ ਵਿੱਚ ਵਿਸ਼ਵਾਸ ਰੱਖਦੇ ਹਾਂ, ਭਾਵੇਂ ਉਨ੍ਹਾਂ ਦੀਆਂ ਵੱਖ-ਵੱਖ ਚੁਣੌਤੀਆਂ ਹੁੰਦੀਆਂ ਹਨ। ਸਾਡਾ ਸਕੂਲ ਇੱਕ ਅਜਿਹਾ ਸਹਾਇਕ ਵਾਤਾਵਰਣ ਪ੍ਰਦਾਨ ਕਰਨ ਲਈ ਸਮਰਪਿਤ ਹੈ, ਜਿੱਥੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੋ ਸਕੇ।



## ਸਾਡੇ ਭਾਈਚਾਰੇ

ਅਸੀਂ ਆਪਣੀ ਕਈ ਸਾਲਾਂ ਦੀ ਅਣਥੱਕ ਮਿਹਨਤ ਸਦਕਾ ਇਹਨਾਂ ਵਿਦਿਆਰਥੀਆਂ ਦੀ ਦੇਖਭਾਲ ਅਤੇ ਸਿੱਖਿਆ ਪ੍ਰਦਾਨ ਕਰਦੇ ਆ ਰਹੇ ਹਾਂ। ਸਾਡੀ ਪ੍ਰਬੰਧਨ ਟੀਮ ਮੈਡੀਕਲ ਸਲਾਹਕਾਰ ਕਮੇਟੀ, ਵਿਸ਼ੇਸ਼ ਅਧਿਆਪਕਾਂ ਅਤੇ ਵਿਜ਼ਿਟਿੰਗ ਸਲਾਹਕਾਰ, ਮਾਪਿਆਂ ਨਾਲ ਵਾਲੰਟੀਅਰਾਂ ਦਾ ਸਹਾਇਕ ਨੈਟਵਰਕ ਬਣਾਉਣ, ਦੇਖਭਾਲ ਕਰਨ ਵਾਲਿਆਂ ਅਤੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਅਸੀਂ ਇਕੱਠੇ ਮਿਲ ਕੇ, ਸਫਲਤਾਵਾਂ ਦਾ ਜਸ਼ਨ ਮਨਾਉਂਦੇ ਹਾਂ, ਚੁਣੌਤੀਆਂ ਨੂੰ ਦੂਰ ਕਰਦੇ ਹਾਂ ਅਤੇ ਸਾਰੇ ਬੱਚਿਆਂ ਦਾ ਉੱਜਲ ਭਵਿੱਖ ਬਣਾਉਂਦੇ ਹਾਂ।

## ਸਾਡੇ ਕੱਮ ਕਰਨ ਦਾ ਤਰੀਕਾ

ਏਕ ਪਰਿਆਸ ਵਿੱਚ, ਅਸੀਂ ਸਮਝਦੇ ਹਾਂ ਕਿ ਹਰ ਬੱਚਾ ਵਿਲੱਖਣ ਹੈ, ਅਤੇ ਉਸ ਦੀ ਯਾਤਰਾ ਵੀ ਵਿੱਲਖਣ ਹੈ। ਇਹੀ ਕਾਰਨ ਹੈ ਕਿ ਅਸੀਂ ਵਿਦਿਆਰਥੀਆਂ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਨ ਲਈ ਸਾਡੇ ਉੱਚ ਸਿਖਿਅਤ ਅਤੇ ਹਮਦਰਦੀ ਰੱਖਣ ਵਾਲੇ ਸਟਾਫ ਮੈਂਬਰ, ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਇੱਕ ਸੰਯੁਕਤ ਨੈੱਟਵਰਕ ਵਿੱਚ ਕੰਮ ਕਰਦੇ ਹਨ। ਤਾਂ ਜੋ ਨਿੱਜੀ ਤੌਰ 'ਤੇ ਸਿੱਖਣ ਵਾਲੀਆਂ ਯੋਜਨਾਵਾਂ ਵਿਕਸਿਤ ਕੀਤੀਆਂ ਜਾ ਸਕਣ।

# ਸਾਡਾ ਪਾਠਕ੍ਰਮ

ਸਾਡਾ ਪਾਠਕ੍ਰਮ ਦਿਲਚਸਪ , ਉਤਸ਼ਾਹਜਨਕ ਅਤੇ ਹਰ ਵਿਦਿਆਰਥੀ ਦੀ ਪਹੁੰਚ ਵਿੱਚ ਹੈ । ਸਾਡਾ ਉਦੇਸ਼ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਜੀਵਨ ਸ਼ੈਲੀ ਦੇ ਵਿਕਾਸ ਰਾਹੀਂ ਸਿੱਖਿਆ ਪ੍ਰਦਾਨ ਕਰਨਾ ਹੈ ਜੋ ਵਿਦਿਆਰਥੀਆਂ ਨੂੰ ਉੱਜਲ ਭਵਿੱਖ ,ਸਰੀਰਕ ਸਿਹਤ, ਸਹਿਣਸ਼ੀਲਤਾ, ਤੰਦਰੁਸਤੀ ਅਤੇ ਮਾਨਸਿਕ ਸਿਹਤ ਵਿੱਚ ਸੁਧਾਰ ਲਿਆਉਣ ਲਈ ਪ੍ਰੇਰਿਤ ਕਰਦੀ ਹੈ। ਸਾਡੇ ਪਾਠਕ੍ਰਮ ਅਨੁਸਾਰ ਅਸੀਂ ਹੇਠਾਂ ਲਿਖੇ ਪ੍ਰਬੰਧ ਕਰਦੇ ਹਾਂ:

- ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨਾ।
- ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਕਿੱਤਾ ਮੁੱਖੀ ਸਿਖਲਾਈ ਅਤੇ ਵੋਕੇਸ਼ਨਲ ਸਿਖਲਾਈ ਜਿਸ ਵਿੱਚ ਵਿਦਿਆਰਥੀਆਂ ਨੂੰ ਨੈਪਕੀਨ, ਮੋਮਬੱਤੀਆਂ, ਲਿਫਾਫ਼ੇ, ਸਿਲਾਈ, ਬਲਾਕ ਅਤੇ ਮਾਰਬਲ ਪ੍ਰਿੰਟਿੰਗ ਅਤੇ ਦਾਲ਼ਾਂ ਦੀ ਸਫਾਈ ਅਤੇ ਪੈਕਿੰਗ ਕਰਨਾ ਸਿਖਾਇਆ ਜਾਂਦਾ ਹੈ।
- ਖੇਡ ਗਤੀਵਿਧੀਆਂ ਵਿੱਚ ਸ਼ਮੂਲੀਅਤ ਅਤੇ ਸਲਾਨਾ ਖੇਡ ਦਿਵਸ ਕਰਵਾਇਆ ਜਾਂਦਾ ਹੈ।
- ਸਿੱਖਣ ਵਿੱਚ ਅਸਮਰਥ ਬੱਚਿਆਂ ਦੇ ਪੁਨਰਵਾਸ ਕੇਂਦਰ ਰਾਹੀਂ ਵਿਦਿਆਰਥੀਆਂ ਦਾ ਪੁਨਰਵਾਸ।
- ਵਿਦਿਆਰਥੀਆਂ ਨੂੰ ਚੰਗੀ ਗਤੀਸ਼ੀਲਤਾ ਪ੍ਰਦਾਨ ਕਰਨ ਲਈ ਫਿਜ਼ੀਓਥੈਰੇਪੀ ਦਿੱਤੀ ਜਾਂਦੀ ਹੈ। ਫਿਜ਼ੀਓਥੈਰੇਪੀ ਵਿਭਾਗ ਦਾ ਪ੍ਰਬੰਧ ਇੱਕ ਨਿਯਮਤ ਫਿਜ਼ੀਓਥੈਰੇਪਿਸਟ ਦੁਆਰਾ ਕੀਤਾ ਜਾਂਦਾ ਹੈ ਜੋ ਵਿਦਿਆਰਥੀਆਂ ਦੀ ਸਰੀਰਕ ਅਤੇ ਸਮਾਜਿਕ ਭਲਾਈ ਲਈ ਹਮੇਸ਼ਾ ਯਤਨਸ਼ੀਲ ਹੈ।
- ਘਰ ਪ੍ਰਬੰਧਨ ਪ੍ਰੋਗਰਾਮ ਜਿਸ ਵਿੱਚ ਮਾਪਿਆਂ ਨੂੰ ਸਮੇਂ-ਸਮੇਂ ਤੇ ਬੱਚੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।ਵਿਦਿਆਰਥੀਆਂ ਨੂੰ ਸਵੈ-ਸਹਾਇਤਾ ਦੇ ਹੁਨਰ ਜਿਵੇਂ ਕਿ ਟਾਇਲਟ ਦੀ ਸਿਖਲਾਈ, ਰੋਟੀ ਖਾਣਾ, ਕੱਪੜੇ ਪਾਉਣਾ ਆਦਿ ਸਿਖਾਏ ਜਾਂਦੇ ਹਨ। ਵਿਦਿਆਰਥੀ ਨੂੰ ਸਮਾਜ ਵਿੱਚ ਪੁਨਰਵਾਸ ਲਈ ਤਿਆਰ ਕੀਤਾ ਜਾਂਦਾ ਹੈ।
- ਮਾਪਿਆਂ, ਅਧਿਆਪਕਾਂ ਅਤੇ ਸਮਾਜ ਲਈ ਸਿਖਲਾਈ ਵਰਕਸ਼ਾਪਾਂ/ ਸੈਮੀਨਾਰਾਂ ਦਾ ਆਯੋਜਨ।
- ਸਵੈ-ਇੱਛੁਕ ਸੇਵਾਵਾਂ: ਸਿਖਲਾਈ ਪ੍ਰਾਪਤ ਸਮਾਜਿਕ ਸਵੈ-ਸੇਵਕਾਂ ਦਾ ਇੱਕ ਕੋਰ ਗਰੁੱਪ ਤਿਆਰ ਕਰਨਾ ਜੋ ਇਨ੍ਹਾਂ ਬੱਚਿਆਂ ਨੂੰ ਸਮਾਜ ਵਿੱਚ ਅਡਜਸਟ ਕਰਨ ਲਈ ਸਹਾਇਕ ਹੋਣ।





## ਸਾਡੀ ਸਹਾਇਤਾ ਸੇਵਾਵਾਂ

ਅਕਾਦਮਿਕ ਸਿੱਖਿਆ ਤੋਂ ਇਲਾਵਾ, ਅਸੀਂ ਆਪਣੇ ਵਿਦਿਆਰਥੀਆਂ ਦੀਆਂ ਵਿਲੱਖਣ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਾਂ। ਇਸ ਵਿੱਚ ਭਾਸ਼ਣ ਥੈਰੇਪੀ, ਕਿੱਤਾਮੁਖੀ ਥੈਰੇਪੀ, ਵਿਵਹਾਰਿਕ ਥੈਰੇਪੀ, ਕੌਂਸਲਿੰਗ, ਫਿਜ਼ੀਓਥੈਰੇਪੀ, ਮੈਡੀਕਲ ਸਲਾਹ ਸ਼ਾਮਲ ਹਨ। ਸਾਡਾ ਟੀਚਾ ਹਰ ਬੱਚੇ ਨੂੰ ਸਮਰੱਥ ਨਾਗਰਿਕ ਬਨਾਉਣਾ ਹੈ।







## ਸਾਡੇ ਕਿੱਤਾਮੁਖੀ ਯਤਨ

ਸਕੂਲ ਆਪਣੇ ਕੈਂਪਸ ਵਿੱਚ ਇੱਕ ਸਿਖਲਾਈ ਵਰਕਸ਼ਾਪ ਸ਼ੁਰੂ ਕਰਨ ਜਾ ਰਿਹਾ ਹੈ, ਜਿੱਥੇ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਅਤੇ ਮੁੜ ਵਿਸ਼ਵਾਸ ਹਾਸਲ ਕਰਨ ਲਈ ਯਤਨਵ ਕੀਤੇ ਜਾਣਗੇ। ਇਹ ਵਾਤਾਵਰਣ ਵਿੱਚ ਹੋਵੇਗਾ ਜਿੱਥੇ ਉਹ ਇੱਕ ਸਹਾਇਕ ਵਾਤਾਵਰਣ ਵਾਲੇ ਅਰਥਪੂਰਣ ਰੋਜ਼ਗਾਰ ਦਾ ਕੰਮ ਕਰ ਸਕਦੇ ਹਨ।









# ਅੱਜ ਭਰਤੀ ਕਰਵਾਓ

ਜੇ ਤੁਸੀਂ ਅਜਿਹੇ ਸਕੂਲ ਦੀ ਭਾਲ ਕਰ ਰਹੇ ਹੋ ਜੋ ਵਿਭਿਨੰਤਾ, ਵਿਦਿਆਰਥੀਆਂ ਦੀ ਸ਼ਮੂਲੀਅਤ ਅਤੇ ਹਰ ਬੱਚੇ ਦੀਆਂ ਜ਼ਰੂਰਤਾਂ ਨੂੰ ਪਹਿਲ ਦੇ ਰਿਹਾ ਹੋਵੇ ਤਾਂ ਅੱਜ ਹੀ ਸਾਡੇ ਪ੍ਰੋਗਰਾਮਾਂ ਬਾਰੇ ਹੋਰ ਜਾਣਨ ਲਈ ਸਾਡੇ ਨਾਲ ਸੰਪਰਕ ਕਰੋ। ਸਾਡੇ ਪਰਿਵਾਰ ਵਿਚ ਤੁਹਾਡਾ ਸਵਾਗਤ ਹੈ।




ਏਕ ਪਰਿਆਸ

ਠਾਕੁਰ ਕਲੋਨੀ, ਰਾਧਾ ਸੁਆਮੀ ਸਤਿਸੰਗ ਬਿਆਸ, ਸੈਂਟਰ VI ਦੇ ਨਾਲ,
ਸਟਰਲਿੰਗ ਰਿਜੋਰਟਸ ਦੇ ਪਿੱਛੇ, ਪੱਖੋਵਾਲ ਰੋਡ,
ਲੁਧਿਆਣਾ - 142022 (ਪੰਜਾਬ)
ਫੋਨ: +91 97801 26671, +91 98151 00791
ਈ-ਮੇਲ: ekprayaasschool@gmail.com
ਵੈਬਸਾਈਟ: www.ekprayaas.in
ਇੰਸਟਾਗ੍ਰੈਮ: @ekprayaas_school